Punjabi

# COVID-19: ਪਰਿਵਾਰਕ ਸਹਾਇਤਾ ਅਤੇ ਮਰੀਜ਼ਾਂ ਅਤੇ ਨਿਵਾਸੀਆਂ ਨਾਲ ਮੁਲਾਕਾਤ (COVID-19: Family support & visitation of patients & residents)

## ਹਸਪਤਾਲ (Hospitals)

### ਕਿਸੇ ਹਸਪਤਾਲ ਵਿੱਚ ਮਰੀਜ਼ ਦਾ ਸਹਾਇਤਾ ਕਰਨ ਜਾਂ ਮਿਲਣ ਜਾਣ ਬਾਰੇ ਸੋਚ ਰਹੇ ਹੋ? (Thinking of supporting or visiting a patient in a hospital?)

ਮਰੀਜ਼ ਗੰਭੀਰ ਦੇਖਭਾਲ ਦੀ ਸਹੂਲਤ ਦੇ ਇੱਕ ਇਨਪੇਸ਼ੈਂਟ ਯੂਨਿਟ ਵਿੱਚ ਦਾਖਲ ਹੁੰਦੇ ਹੋਏ ਦੋ ਮਨੋਨੀਤ ਪਰਿਵਾਰ / ਸਹਾਇਤਾ ਦੇਣ ਵਾਲੇ ਵਿਅਕਤੀਆਂ ਦੀ ਪਛਾਣ ਕਰ ਸਕਦੇ ਹਨ।

ਇੱਕ ਮਨੋਨੀਤ ਪਰਿਵਾਰ / ਸਹਾਇਤਾ ਦੇਣ ਵਾਲਾ ਵਿਅਕਤੀ ਮਰੀਜ਼ ਦੁਆਰਾ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਉਸਦਾ ਦੇਖਭਾਲ ਵਿੱਚ ਸ਼ਾਮਲ ਹੋਣਾ ਮਰੀਜ਼ ਦੀ ਇੱਛਾ ਅਤੇ ਦੇਖਭਾਲ ਟੀਮ ਦੇ ਨਾਲ ਰਾਏ ਅਨੁਸਾਰ ਹੁੰਦਾ ਹੈ।

ਜੇ ਮਰੀਜ਼ ਦਾ ਕਮਰਾ ਕਾਫ਼ੀ ਵੱਡਾ ਹੈ ਜਿਸ ਨਾਲ ਸਰੀਰਕ ਦੂਰੀ ਬਣਾਈ ਜਾ ਸਕਦੀ ਹੈ ਤਾਂ ਦੋਵੇਂ ਇਕੋ ਸਮੇਂ ਮਿਲ ਸਕਦੇ ਹਨ। ਜੇ ਨਹੀਂ ਤਾਂ ਇੱਕ ਵਾਰ ਇੱਕ ਹੀ ਜਾ ਸਕਦਾ ਹੈ।

*ਜਣੇਪਾ* ਜੇ ਤੁਹਾਡੀ ਦੇਖਭਾਲ ਟੀਮ ਦੁਆਰਾ ਮਨਜ਼ੂਰ ਕੀਤਾ ਜਾ ਚੁਕਿਆਹੈ ਤਾਂ ਦੂਜੇ ਸਹਾਇਤਾ ਦੇਣ ਵਾਲੇ ਵਿਅਕਤੀ ਜਿਵੇਂ ਸਰੋਗੇਟ ਮਾਪੇ ਜਾਂ ਡੋਲਾ ਦੋ ਮਨੋਨੀਤ ਪਾਰਿਵਾਰਿਕ ਮੈਂਬਰ / ਸਹਾਇਤਾ ਦੇਣ ਵਾਲੇ ਵਿਅਕਤੀਆਂ ਤੋਂ ਇਲਾਵਾ ਮਿਲ ਸਕਦੇ ਹਨ। ਜਣੇਪਾ ਵਾਰਡ ਵਿੱਚ ਆਉਣ ਵਾਲਿਆਂ ਦੀ ਉਮਰ 14 ਸਾਲ ਜਾਂ ਇਸਤੋਂ ਵੱਧ ਹੋਣੀ ਚਾਹੀਦੀ ਹੈ।

*ਬਾਲ ਰੋਗ ਵਿਗਿਆਨ* - ਦੋ ਵਿਅਕਤੀਆਂ ਨੂੰ ਪਰਿਵਾਰਿਕ ਮੈਂਬਰ / ਸਹਾਇਤਾ ਲਈ ਨਾਮਜ਼ਦ ਕੀਤਾ ਜਾ ਸਕਦਾ ਹੈ। 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਕਿਸੇ ਵੀ ਸਮੇਂ ਆਉਣ ਦੀ ਆਗਿਆ ਨਹੀਂ ਹੈ।

### ਕੀ ਮੈਂ ਕਿਸੇ ਦੋਸਤ ਦੇ ਨਾਲ ਜਾਂ ਪਰਿਵਾਰਕ ਮੈਂਬਰ ਦੇ ਨਾਲ ਕਿਸੇ ਐਮਰਜੈਂਸੀ ਵਿਭਾਗ, ਜ਼ਰੂਰੀ ਦੇਖਭਾਲ ਕੇਂਦਰ ਜਾਂ ਐਂਬੂਲਟਰੀ ਦੇਖਭਾਲ ਤੱਕ ਜਾ ਸਕਦਾ/ਸਕਦੀ ਹਾਂ? (Can I accompany a friend or loved one to an emergency department, urgent care centre or ambulatory care?)

ਮਰੀਜ਼ AHS ਸਹੂਲਤਾਂ ਵਿਚ ਐਂਬੂਲਟਰੀ, ਐਮਰਜੈਂਸੀ ਜਾਂ ਜ਼ਰੂਰੀ ਦੇਖਭਾਲ ਸੇਵਾਵਾਂ ਤਕ ਪਹੁੰਚਣ ਵੇਲੇ ਉਨ੍ਹਾਂ ਨਾਲ ਜਾਣ ਲਈ ਇਕ ਮਨੋਨੀਤ ਪਰਿਵਾਰ / ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀ ਦੀ ਪਛਾਣ ਕਰ ਸਕਦੇ ਹਨ।

ਮੁਲਾਕਾਤ ਲਈ ਸਾਰੇ ਸਹਾਇਤਾ ਪ੍ਰਦਾਨ ਕਰਨ ਵਿਅਕਤੀਆਂ ਦੀ ਉਮਰ 14 ਸਾਲ ਤੋਂ ਵੱਧ ਹੋਣੀ ਚਾਹੀਦੀ ਹੈ। ਜੇ Alberta Children's Hospital ਜਾਂ Stollery Children's Hospital ਦਾ ਦੌਰਾ ਕਰਦੇ ਹੋ, ਸਾਰੇ ਸਹਾਇਤਾ ਵਿਅਕਤੀ 14 ਜਾਂ ਇਸ ਤੋਂ ਵੱਧ ਉਮਰ ਦੇ ਹੋਣੇ ਚਾਹੀਦੇ ਹਨ।

ਅਜਿਹੇ ਹਾਲਾਤ ਹੋ ਸਕਦੇ ਹਨ ਜਦੋਂ ਕਲੀਨਿਕ ਦੇ ਖੇਤਰਾਂ ਵਿੱਚ ਦੂਜੇ ਮਰੀਜ਼ਾਂ ਨਾਲ ਸਰੀਰਕ ਦੂਰੀ ਨਿਰਧਾਰਤ ਕੀਤੇ ਜਾਣ ਕਰਕੇ ਪਰਿਵਾਰ / ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀ ਦੀ ਮੌਜੂਦਗੀ 'ਤੇ ਮਨਾਹੀ ਹੋਵੇ। ਇਸ ਸਥਿਤੀ ਵਿੱਚ, ਸਟਾਫ ਮਰੀਜ਼ ਅਤੇ ਉਨ੍ਹਾਂ ਦੇ ਪਰਿਵਾਰ / ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀ ਨਾਲ ਇਸ ਬਾਰੇ ਗੱਲਬਾਤ ਕਰੇਗਾ, ਅਤੇ ਮਰੀਜ਼ ਦੀ ਜ਼ਰੂਰਤ ਦੇ ਅਧਾਰ 'ਤੇ ਵਿਕਲਪਾਂ ਬਾਰੇ ਵਿਚਾਰ ਕਰੇਗਾ।

### ਕਿਸੇ ਹਸਪਤਾਲ ਦੀ ਸਹਾਇਤਾ ਕਰਨ ਜਾਂ ਮੌਤ ਕਿਨਾਰੇ ਮਰੀਜ਼ ਨੂੰ ਮਿਲਣ ਜਾਣ ਬਾਰੇ ਸੋਚ ਰਹੇ ਹੋ? (Thinking of supporting or visiting a patient dying in hospital?)

ਜ਼ਿੰਦਗੀ ਦੇ ਅੰਤ ਵਿੱਚ ਮੰਨੇ ਜਾਂਦੇ ਸਾਰੇ ਵਿਅਕਤੀਆਂ ਦੇ ਨਾਲ ਜਰੂਰਤ ਅਨੁਸਾਰ ਇੱਕ ਨਿਰਧਾਰਤ ਪਰਿਵਾਰਿਕ ਮੈਂਬਰ / ਸਹਾਇਤਾ ਪ੍ਰਦਾਨ ਕਰਨ ਵਾਲਾ ਵਿਅਕਤੀ ਹੋ ਸਕਦਾ ਹੈ। ਜੇ ਸਮਾਜਕ/ਸਰੀਰਕ ਦੂਰੀ ਬਣਾਈ ਰੱਖਣ ਲਈ ਕਮਰਾ ਕਾਫ਼ੀ ਵੱਡਾ ਹੈ, ਤਾਂ 2 ਵਿਅਤੀਆਂ ਨੂੰ ਆਉਣ ਦੀ ਆਗਿਆ ਦਿੱਤੀ ਜਾ ਸਕਦੀ ਹੈ। ਹਾਲਾਂਕਿ ਆਉਣ ਵਾਲੇ ਵਿਅਕਤੀਆਂ ਦੀ ਸੰਖਿਆ 'ਤੇ ਕੋਈ ਸੀਮਾ ਨਹੀਂ ਹੈ, ਮੁਲਾਕਾਤਾਂ ਨੂੰ ਦੇਖਭਾਲ ਟੀਮ ਅਤੇ ਸਾਈਟ ਨਾਲ ਤਾਲਮੇਲ ਕਰਨਾ ਜ਼ਰੂਰੀ ਹੈ।

ਹਾਲਾਂਕਿ ਕਦੋਂ ਕੋਈ ਵਿਅਕਤੀ ਜ਼ਿੰਦਗੀ ਦੇ ਅੰਤ ਤੇ ਹੁੰਦਾ ਹੈ, ਇਸ ਬਾਰੇ ਦਰੁਸਤਾ ਨਾਲ ਕਹਿਣਾ ਮੁਸ਼ਕਲ ਹੁੰਦਾ ਹੈ, ਇਹ ਆਮ ਤੌਰ 'ਤੇ ਜ਼ਿੰਦਗੀ ਦੇ ਆਖ਼ਰੀ ਚਾਰ ਤੋਂ ਛੇ ਹਫ਼ਤਿਆਂ ਦੌਰਾਨ ਹੁੰਦਾ ਹੈ।

## ਸਹਾਇਤਾ ਅਤੇ ਮੁਲਾਕਾਤ ਕਰਨ ਦੇ ਨਿਯਮ ਕੀ ਹਨ? (What are the rules on supporting & visiting?)

ਕਿਸੇ ਮਰੀਜ਼ ਜਾਂ ਨਿਵਾਸੀ ਨੂੰ ਸਹਾਇਤਾ ਦੇਣ ਅਤੇ ਮਿਲਣ ਲਈ ਜ਼ਰੂਰੀ ਹੈ ਕਿ ਤੁਸੀਂ:

- ਇੱਕ ਮਨੋਨੀਤ ਪਰਿਵਾਰਕ ਸਹਾਇਤਾ ਵਿਅਕਤੀ ਬਣੋ, ਅਤੇ ਨਾਮਜ਼ਦ ਪਰਿਵਾਰਕ ਸਹਾਇਤਾ ਦੀ ਪਛਾਣ ਪਹਿਨੋ।
- ਚੰਗਾ ਮਹਿਸੂਸ ਕਰੋ।
- 14 ਸਾਲ ਜਾਂ ਇਸਤੋਂ ਵੱਧ ਉਮਰ ਦੇ ਹੋ ਜਾਂ ਇੱਕ ਬਾਲਗ ਦੇ ਨਾਲ ਹੋ (ਦੇਖਭਾਲ ਦੀਆਂ ਨਿਰੰਤਰ ਸਹੂਲਤਾਂ ਦੌਰਾਨ ਉਮਰ 18 ਸਾਲ)। **ਬਾਲ ਰੋਗ ਵਿਗਿਆਨ (Alberta Children's Hospital ਅਤੇ Stollery Children's Hospital) ਲਈ,** 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਮਿਲਣ ਦੀ ਆਗਿਆ ਨਹੀਂ ਹੈ।
- ਸਹੂਲਤ ਵਿੱਚ ਦਾਖਲ ਹੋਣ ਤੋਂ ਪਹਿਲਾਂ ਸਿਹਤ ਦੀ ਪੂਰੀ ਜਾਂਚ ਕੀਤੀ ਹੋਵੇ।
- ਹਰ ਸਮੇਂ ਮਾਸਕ ਪਹਿਨੋ ਜਿਸ ਨਾਲ ਨੱਕ ਅਤੇ ਮੂੰਹ ਨੂੰ ਢੱਕੇ ਹੋਏ ਹੋਣ।
- ਵੱਧ ਤੋਂ ਵੱਧ ਮਰੀਜ਼ ਦੇ ਕਮਰੇ ਵਿੱਚ ਰਹੋ ਅਤੇ ਸਹੂਲਤ ਦੇ ਅੰਦਰ ਸਰਗਰਮੀ ਨੂੰ ਘੱਟੋ ਘੱਟ ਰਖਣਾ।
- ਸਹੂਲਤ ਵਿੱਚ ਦਾਖਲ ਹੋਣ ਅਤੇ ਬਾਹਰ ਜਾਣ ਵੇਲੇ ਅਤੇ ਮਰੀਜ਼ ਦੇ ਕਮਰੇ ਵਿੱਚ ਦਾਖਲ ਹੋਣ ਜਾਂ ਜਾਣ ਵੇਲੇ ਹੱਥਾਂ ਦੀ ਸਫਾਈ (ਹੱਥ ਧੋਣਾ ਅਤੇ/ ਜਾਂ ਹੈਂਡ ਸਨੇਟਾਈਜ਼ਰ ਦੀ ਵਰਤੋਂ) ਕਰਨਾ।
- ਸੇਵਾ ਕੁੱਤੇ ਦੇ ਬਿਨਾ ਕਿਸੇ ਵੀ ਜਾਨਵਰ ਨੂੰ ਸਹੂਲਤ ਦੇ ਵਿੱਚ ਨਾ ਲਿਆਉਣਾ

# COVID19: ਪਰਿਵਾਰਕ ਸਹਾਇਤਾ ਅਤੇ ਮਰੀਜ਼ਾਂ ਅਤੇ ਨਿਵਾਸੀਆਂ ਨਾਲ ਮੁਲਾਕਾਤ (COVID-19: Family support & visitation of patients & residents)

## ਨਿਰੰਤਰ ਦੇਖਭਾਲ: (Continuing Care:)

### ਨਿਰੰਤਰ ਦੇਖਭਾਲ ਲਈ ਮਰੀਜ਼ ਦੀ ਸਹਾਇਤਾ ਕਰਨ ਜਾਂ ਮਿਲਣ ਜਾਣ ਬਾਰੇ ਸੋਚ ਰਹੇ ਹੋ? (Thinking of supporting or visiting a resident in continuing care?)

ਇਨ੍ਹਾਂ ਸਾਈਟਾਂ ਦੇ ਵਸਨੀਕਾਂ ਨੂੰ COVID-19 ਦੇ ਸੰਪਰਕ ਵਿੱਚ ਆਉਣ ਦੇ ਬਹੁਤ ਜ਼ਿਆਦਾ ਜੋਖਮ ਹਨ।

ਇਨਡੋਰ ਮੁਲਾਕਾਤ ਲਈ:

ਹਰੇਕ ਨਿਵਾਸੀ ਜਾਂ ਵਿਕਲਪਿਕ ਨਿਰਣਾ ਕਰਨ ਵਾਲਾ ਦੋ ਨਾਮਜ਼ਦ ਪਰਿਵਾਰਿਕ ਮੈਂਬਰ / ਸਹਾਇਤਾ ਪ੍ਰਦਾਨ ਕਰਨ ਵਾਲੇ (18 ਸਾਲ ਤੋਂ ਵੱਧ ਉਮਰ ਦੇ) ਵਿਅਕਤੀਆਂ ਨੂੰ ਨਾਮਜ਼ਦ ਕਰ ਸਕਦੇ ਹਨ ਜੋ ਮਾਨਸਿਕ ਅਤੇ ਸਰੀਰਕ ਸਿਹਤ ਨੂੰ ਬਣਾਈ ਰੱਖਣ ਲਈ ਜ਼ਰੂਰੀ ਹਨ।

ਵਧੇਰੇ ਮੁਲਾਕਾਤ ਕਰਨ ਵਾਲਿਆਂ ਨੂੰ ਖਾਸ ਸਥਿਤੀ ਵਿਚ ਪਹੁੰਚ ਦਿੱਤੀ ਜਾ ਸਕਦੀ ਹੈ ਜਿਵੇਂ ਜੀਵਨ ਦਾ ਅੰਤਸਮੇਂ, ਸਿਹਤ ਦੀ ਸਥਿਤੀ ਵਿਚ ਤਬਦੀਲੀ ਜਾਂ ਹੋਰ ਦਬਾਅ ਵਾਲੇ ਹਾਲਾਤਾਂ ਵਿੱਚ (ਉਦਾਹਰਣ ਵਜੋਂ ਵਿੱਤੀ ਜਾਂ ਕਾਨੂੰਨੀ ਮਾਮਲੇ, ਪਰਿਵਾਰਕ ਸੰਕਟ)।

ਬਾਹਰੀ ਮੁਲਾਕਾਤ ਲਈ:

ਜਨਤਕ ਸਿਹਤ ਉਪਾਵਾਂ ਦੇ ਅਨੁਕੂਲ ਹੋਣ ਤੇ ਨਿਵਾਸੀ ਸਮੇਤ ਪੰਜ ਵਿਅਕਤੀ ਬਾਹਰੀ ਮੁਲਾਕਾਤਾਂ ਵਿੱਚ ਭਾਗ ਲੈ ਸਕਦੇ ਹਨ।

## ਕੀ ਮੈਂ ਉਸ ਕਿਸੇ ਦੋਸਤ ਜਾਂ ਮਿੱਤਰ ਨੂੰ ਮਿਲ ਸਕਦਾ ਹਾਂ ਜੋ ਨਿਰੰਤਰ ਦੇਖਭਾਲ ਵਿੱਚ ਮਰ ਕਿਨਾਰੇ ਹੈ?

## (Can I visit a friend or loved one who is dying while in continuing care?)

ਜ਼ਿੰਦਗੀ ਦੇ ਅੰਤ ਵਿੱਚ ਮੰਨੇ ਜਾਂਦੇ ਸਾਰੇ ਵਿਅਕਤੀਆਂ ਦੇ ਨਾਲ ਜਰੂਰਤ ਅਨੁਸਾਰ ਇੱਕ ਨਿਰਧਾਰਤ ਪਰਿਵਾਰਿਕ ਮੈਂਬਰ / ਸਹਾਇਤਾ ਪ੍ਰਦਾਨ ਕਰਨ ਵਾਲਾ ਵਿਅਕਤੀ ਹੋ ਸਕਦਾ ਹੈ। ਉਹਨਾਂ ਦੀ ਮੁਲਾਕਾਤ ਦੇਖਭਾਲ ਟੀਮ ਦੇ ਨਾਲ ਤਾਲਮੇਲ ਵਿੱਚ ਹੋਣੀ ਚਾਹੀਦੀ ਹੈ ਅਤੇ ਇਹ ਮਰੀਜ਼ ਅਤੇ ਉਨ੍ਹਾਂ ਦੇ ਨਿਰਧਾਰਤ ਪਰਿਵਾਰ / ਸਹਾਇਤਾ ਕਰਨ ਵਾਲੇ ਵਿਅਕਤੀ ਦੀ ਜ਼ਰੂਰਤ ਨੂੰ ਦਰਸਾਉਂਦੀ ਹੋਵੇ।

ਦੂਸਰੇ ਸਹਾਇਤਾ ਪ੍ਰਦਾਨ ਕਰਨ ਵਾਲੇ ਵਿਅਕਤੀ / ਮੁਲਾਕਾਤੀ ਉਦੋਂ ਤੱਕ ਮੁਲਾਕਾਤ ਕਰ ਸਕਦੇ ਹਨ ਜਦੋਂ ਇਨ੍ਹਾਂ ਦਾ ਸਾਈਟਾਂ / ਇਕਾਈ ਨਾਲ ਪਹਿਲਾਂ ਤੋਂ ਪ੍ਰਬੰਧ ਕੀਤਾ ਹੋਵੇ।

18 ਸਾਲ ਤੋਂ ਘੱਟ ਉਮਰ ਦੇ ਬੱਚੇ ਕਿਸੇ ਬਾਲਗ ਦੇ ਨਾਲ ਜਾ ਸਕਦੇ ਹਨ।

ਜੇ ਸਮਾਜਕ/ਸਰੀਰਕ ਦੂਰੀ ਬਣਾਈ ਰੱਖਣ ਲਈ ਕਮਰਾ ਕਾਫ਼ੀ ਵੱਡਾ ਹੈ, ਤਾਂ ਇਕੋ ਵਾਰੀ 3 ਮੁਲਾਕਾਤੀਆਂ ਨੂੰ ਆਗਿਆ ਦਿੱਤੀ ਜਾ ਸਕਦੀ ਹੈ।